# Visit of Smt. Meenakashi Lekhi, MoS (External Affairs & Culture) to Panama, Honduras, Chile (April 28 - May 05, 2022)

May 08, 2022

## ਰਾਜ ਮੰਤਰੀ (ਬਾਹਰੀ ਮਾਮਲੇ ਅਤੇ ਸੱਭਿਆਚਾਰ) ਸ਼੍ਰੀਮਤੀ ਮੀਨਾਕਸ਼ੀ ਲੇਖੀ ਵੱਲੋਂ ਪਨਾਮਾ, ਹੋਂਡੁਰਾਸ ਅਤੇ ਚਿਲੀ ਦਾ ਦੌਰਾ (28 ਅਪ੍ਰੈਲ – 5 ਮਈ, 2022)

**8 ਮਈ, 2022**

1. ਭਾਰਤ ਦੀ ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ ਸ਼੍ਰੀਮਤੀ ਡਾ. ਮੀਨਾਕਸ਼ੀ ਲੇਖੀ MOS(ML) ਨੇ 28 ਅਪ੍ਰੈਲ - 5 ਮਈ 2022 ਤੱਕ ਪਨਾਮਾ, ਹੌਂਡੁਰਾਸ ਅਤੇ ਚਿਲੀ ਦਾ ਦੌਰਾ ਕੀਤਾ।

2. 28 ਅਪ੍ਰੈਲ - 1 ਮਈ 2022 ਤੱਕ ਹੋਈ ਪਨਾਮਾ ਦੀ ਫੇਰੀ ਦੌਰਾਨ MOS (ML) ਨੇ ਪਨਾਮਾ ਦੀ ਵਿਦੇਸ਼ ਮੰਤਰੀ ਮਹਾਮਹਿਮ ਏਰਿਕਾ ਮੌਯਨੇਸ ਨਾਲ ਦੁਵੱਲਾ ਵਿਚਾਰ-ਵਟਾਂਦਰਾ ਕੀਤਾ, ਜਿਸ ਦੌਰਾਨ ਪਨਾਮਾ ਸਰਕਾਰ ਦੀ ਮੰਤਰੀ ਮਹਾਮਹਿਮ ਸ਼੍ਰੀਮਤੀ ਜੈਨਾਨਾ ਟੇਵਾਨੀ ਵੀ ਮੌਜੂਦ ਸਨ। ਦੋਵੇਂ ਧਿਰਾਂ ਨੇ ਵਪਾਰ ਅਤੇ ਨਿਵੇਸ਼, ਸਿਹਤ ਅਤੇ ਫਾਰਮਾ, ਆਯੂਸ਼, ਆਈ.ਟੀ., ਪੁਲਾੜ ਅਤੇ ਸੱਭਿਆਚਾਰ ਵਿੱਚ ਸਹਿਯੋਗ ਵਧਾਉਣ ਉੱਤੇ ਸਹਿਮਤੀ ਦਿੱਤੀ। ਭਾਰਤ ਅਤੇ ਪਨਾਮਾ ਵਿਚਕਾਰ ਕੂਟਨੀਤਿਕ ਮਿਸ਼ਨ/ਪੋਸਟ ਦੇ ਅਧਿਕਾਰੀਆਂ ਦੇ ਆਸ਼ਰਿਤਾਂ ਲਈ ਲਾਹੇਵੰਦ ਰੁਜ਼ਗਾਰ ਬਾਰੇ ਸਮਝੌਤੇ 'ਤੇ ਹਸਤਾਖਰ ਕੀਤੇ ਗਏ। ਦੋਵੇਂ ਧਿਰਾਂ ਨੇ ਭਾਰਤ-SICA ਫਰੇਮਵਰਕ ਅਤੇ ਬਹੁਪੱਖੀ ਮੰਚਾਂ ਰਾਹੀਂ ਵਧੇਰੇ ਸਹਿਯੋਗ ਦੀ ਪੜਤਾਲ ਕਰਨ ਲਈ ਉੱਤੇ ਵੀ ਸਹਿਮਤੀ ਦਿੱਤੀ।

3. ਸੱਭਿਆਚਾਰ ਮੰਤਰੀ ਸ਼੍ਰੀਮਤੀ ਗਿਸੇਲ ਗੌਂਜ਼ਾਲੇਜ਼ ਵਿਲਰੂਏ ਨਾਲ ਹੋਈ ਮੀਟਿੰਗ ਦੌਰਾਨ ਮਹਾਮਹਿਮ MOS (ML) ਨੇ 2021-24 ਲਈ ਸੱਭਿਆਚਾਰਕ ਵਟਾਂਦਰਾ ਪ੍ਰੋਗਰਾਮ ਦੇ ਸਮਝੌਤੇ 'ਤੇ ਹਸਤਾਖਰ ਕੀਤੇ। MOS(ML) ਨੇ ਨਹਿਰੀ ਪ੍ਰਸ਼ਾਸਨ ਮੰਤਰੀ ਸ਼੍ਰੀ ਅਰਿਸਟਾਈਡਸ ਰੋਯੋ ਨਾਲ ਪਨਾਮਾ ਨਹਿਰ ਦਾ ਵੀ ਦੌਰਾ ਕੀਤਾ। ਉਨ੍ਹਾਂ ਨੇ ਕੋਲੋਨ ਫ੍ਰੀ ਟਰੇਡ ਜ਼ੋਨ ਦਾ ਵੀ ਦੌਰਾ ਕੀਤਾ, ਜੋ ਅਮਰੀਕਾ ਵਿੱਚ ਸਭ ਤੋਂ ਵੱਡਾ FTZ ਹੈ ਅਤੇ ਉਨ੍ਹਾਂ ਨੂੰ ਭਾਰਤ ਨਾਲ ਸਹਿਯੋਗ ਲਈ FTZ ਅਤੇ ਸੰਭਾਵਿਤ ਖੇਤਰਾਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਪਨਾਮਾ ਰਹਿ ਰਹੇ ਭਾਰਤੀ ਉੱਦਮੀਆਂ ਨਾਲ ਮੁਲਾਕਾਤ ਕੀਤੀ ਅਤੇ FTZ ਵਿੱਚ ਉਨ੍ਹਾਂ ਦੇ ਸ਼ੋਅਰੂਮਾਂ ਦਾ ਦੌਰਾ ਕੀਤਾ।

4. MOS (ML) ਨੇ ਮਸ਼ਹੂਰ ਸਿੰਟਾ ਕੋਸਟੇਰਾ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ 2022 ਦੀ ਪਰਦਾ ਚੁੱਕ ਸਮਾਰੋਹ ਦੀ ਅਗਵਾਈ ਕੀਤੀ। ਪਨਾਮਾ ਦੇ ਸੱਭਿਆਚਾਰ ਮੰਤਰੀ ਅਤੇ ਦੋ ਉਪ ਮੰਤਰੀਆਂ ਨੇ ਵੀ ਇਸ ਸਮਾਗਮ ਵਿੱਚ ਹਿੱਸਾ ਲਿਆ। ਰਾਜ ਮੰਤਰੀ ਨੇ ਇੱਕ ਹਿੰਦੂ ਮੰਦਰ ਦਾ ਦੌਰਾ ਕੀਤਾ, ਰਵਾਇਤੀ ਗਰਬਾ ਵਿੱਚ ਹਿੱਸਾ ਲਿਆ ਅਤੇ ਅਸ਼ੋਕ ਦਾ ਰੁੱਖ ਲਗਾਇਆ। ਉਨ੍ਹਾਂ ਨੇ AKAM ਜਸ਼ਨਾਂ ਦੇ ਫਰੇਮਵਰਕ ਵਿੱਚ ਕਰਾਏ ਗਏ ਸੱਭਿਆਚਾਰਕ ਪ੍ਰੋਗਰਾਮ ਵਿੱਚ ਵੀ ਸ਼ਿਰਕਤ ਕੀਤੀ ਜਿਸ ਵਿੱਚ ਪਰੰਪਰਾਗਤ ਪਨਾਨੀ ਅਤੇ ਭਾਰਤੀ ਨਾਚ ਦਿਖਾਏ ਗਏ । ਉਨ੍ਹਾਂ ਨੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ, ਜਿਨ੍ਹਾਂ ਦੀ 15,000 ਦੀ ਗਿਣਤੀ ਲਾਤੀਨੀ ਅਮਰੀਕਾ ਵਿੱਚ ਸਭ ਤੋਂ ਵੱਡੀ ਤਾਦਾਦ ਹੈ।

5. 1-3 ਮਈ, 2022 ਤੱਕ ਨੂੰ ਹੋਂਡੁਰਾਸ ਦੀ ਆਪਣੀ ਫੇਰੀ ਦੌਰਾਨ MOS (ML) ਨੇ ਹੋਂਡੁਰਾਸ ਦੀ ਰਾਸ਼ਟਰਪਤੀ ਮਹਾਮਹਿਮ ਸ਼੍ਰੀਮਤੀ ਆਇਰਿਸ ਜ਼ੀਓਮਾਰਾ ਕਾਸਤਰੋ ਸਰਮੇਂਟੋ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਹੋਂਡੁਰਾਸ ਦੇ ਵਿਦੇਸ਼ ਅਤੇ ਅੰਤਰਰਾਸ਼ਟਰੀ ਸਹਿਯੋਗ ਦੇ ਕਾਰਜਕਾਰੀ ਮੰਤਰੀ ਮਹਾਮਹਿਮ ਸ਼੍ਰੀਮਾਨ ਐਂਟੋਨੀਓ ਗਾਰਸੀਆ ਨਾਲ ਵੱਖ-ਵੱਖ ਦੁਵੱਲੇ, ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਚਰਚਾ ਕੀਤੀ। MOS (ML) ਦੇ ਨਾਲ ਖੇਤੀਬਾੜੀ ਮੰਤਰੀ ਮਹਾਮਹਿਮ ਸ਼੍ਰੀਮਤੀ ਲੌਰਾ ਸੁਆਜ਼ੋ ਨੇ ਭਾਰਤ ਸਰਕਾਰ ਦੀ ਕ੍ਰੈਡਿਟ ਲਾਈਨ ਦੁਆਰਾ ਵਿੱਤਪੋਸ਼ਤ ਕੀਤੇ ਗਏ 2. 65 ਕਰੋੜ ਅਮਰੀਕੀ ਡਾਲਰ ਦੀ ਲਾਗਤ ਵਾਲੇ ਜਾਮਸਟ੍ਰਾਨ ਵੈਲੀ ਇਰੀਗੇਸ਼ਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਪ੍ਰੋਜੈਕਟ ਨਾਲ 3,060 ਹੈਕਟੇਅਰ ਜ਼ਮੀਨ ਦੀ ਸਿੰਜਾਈ ਕੀਤੇ ਜਾਣ ਦਾ ਅੰਦਾਜ਼ਾ ਹੈ, ਜਿਸ ਨਾਲ ਲਗਭਗ 1200 ਕਿਸਾਨਾਂ ਨੂੰ ਲਾਭ ਹੋਵੇਗਾ।

6. ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਹਿੱਸੇ ਵਜੋਂ MOS (ML) ਨੇ "ਭਾਰਤ ਦੀ ਵਿਕਾਸ ਕਹਾਣੀ ਦੇ 75 ਸਾਲ ਵਸਿਹੇ 'ਤੇ ਸਭ ਤੋਂ ਵੱਡੀ ਪ੍ਰਾਈਵੇਟ ਯੂਨੀਵਰਸਿਟੀ ਆਫ ਹੌਂਡੁਰਸ (UNITEC) ਵਿੱਚ 300 ਤੋਂ ਵੱਧ ਵਿਦਿਆਰਥੀਆਂ, ਅਧਿਆਪਕਾਂ ਅਤੇ ਅਕਾਦਮਿਕ ਵਿਗਿਆਨੀਆਂ ਨੂੰ ਸੰਬੋਧਿਤ ਕੀਤਾ। ਉਨ੍ਹਾਂ ਨੇ ਭਾਰਤ ਦੀ ਨਵੀਂ ਸਿੱਖਿਆ ਨੀਤੀ 2020 ਦੇ ਤਹਿਤ ਸਹਿਯੋਗ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰਨ ਲਈ ਦੇਸ਼ ਦੀਆਂ 21 ਯੂਨੀਵਰਸਿਟੀਆਂ ਦੇ ਰੈਕਟਰਾਂ ਅਤੇ ਵਾਈਸ ਰੈਕਟਰਾਂ ਨਾਲ ਗੱਲਬਾਤ ਵੀ ਕੀਤੀ। MOS (ML) ਨੇ ਨੈਸ਼ਨਲ ਯੂਨੀਵਰਸਿਟੀ ਆਫ਼ ਹੌਂਡੂਰਸ ਵਿਖੇ IDY 2022 ਦੇ ਸ਼ੁਰੂਆਤੀ ਸਮਾਗਮ 'ਚ ਭਾਗ ਲਿਆ, ਰੁੱਖ ਲਾਉਣ ਦੇ ਸਮਾਰੋਹ ਚ ਹਿੱਸਾ ਲਿਆ ਅਤੇ 2008 ਵਿੱਚ ਭਾਰਤ ਦੁਆਰਾ ਸਥਾਪਿਤ ਕੀਤੇ ਗਏ ਸੂਚਨਾ ਤਕਨਾਲੋਜੀ ਵਿੱਚ ਸਿੱਖਿਆ ਵਿੱਚ ਉੱਤਮਤਾ (CEEIT) ਦਾ ਦੌਰਾ ਕੀਤਾ, ਜਿੱਥੇ ਹੁਣ ਤੱਕ 26,000 ਤੋਂ ਵੱਧ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ। ਇਸ ਕੇਂਦਰ ਨੂੰ 2016 ਵਿੱਚ ਭਾਰਤੀ ਸਹਾਇਤਾ ਨਾਲ ਅੱਪਗ੍ਰੇਡ ਕੀਤਾ ਗਿਆ ਸੀ। MOS(ML) ਨੇ ਸੈਨ ਪੇਡਰੋ ਡੇ ਸੁਲਾ ਵਿੱਚ ਛੋਟੇ ਪਰ ਜੀਵੰਤ ਭਾਰਤੀ ਭਾਈਚਾਰੇ ਨਾਲ ਗੱਲਬਾਤ ਕੀਤੀ।

7. ਚਿਲੀ ਵਿੱਚ MOS (ML) ਨੇ ਚਿਲੀ ਦੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਤੀ ਐਂਟੋਨੀਆ ਉਰੇਜੋਲਾ ਨੋਗੁਏਰਾ ਨਾਲ ਦੁਵੱਲੇ ਸਬੰਧਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਦੋਵੇਂ ਧਿਰਾਂ ਫਾਰਮਾ, ਪੁਲਾੜ, ਨਵਿਆਉਣਯੋਗ ਊਰਜਾ ਅਤੇ ਅਪਾਹਜ ਵਿਅਕਤੀਆਂ ਦੇ ਸਸ਼ਕਤੀਕਰਨ ਲਈ ਦੁਵੱਲੇ ਸਮਝੌਤਿਆਂ ਦੇ ਛੇਤੀ ਸਿੱਟੇ ਨਿਕਲਣ ਨੂੰ ਸੁਚਾਰੂ ਬਣਾਉਣ ਲਈ ਆਪੋ-ਆਪਣੇ ਅੰਦਰੂਨੀ ਪ੍ਰਕਿਰਿਆਵਾਂ ਨੂੰ ਤੇਜ਼ ਕਰਨ ਉੱਤੇ ਸਹਿਮਤ ਹੋਈਆਂ। ਉਨ੍ਹਾਂ ਨੇ ਆਪਣੇ ਸਾਂਝੇ ਮੁੱਲਾਂ ਅਤੇ ਸਿਧਾਂਤਾਂ ਦੇ ਮੱਦੇਨਜ਼ਰ ਪ੍ਰਸ਼ਾਂਤ ਗੱਠਜੋੜ ਅਤੇ ਬਹੁਪੱਖੀ ਮੰਚਾਂ ਵਿੱਚ ਮਿਲ ਕੇ ਕੰਮ ਕਰਨ ਉੱਤੇ ਵੀ ਸਹਿਮਤੀ ਦਿੱਤੀ।

8. ਚਿਲੀ ਦੇ ਸੱਭਿਆਚਾਰ, ਕਲਾ ਅਤੇ ਵਿਰਾਸਤ ਮੰਤਰੀ ਐਚ.ਈ. ਮਿਸ. ਜੂਲੀਟਾ ਬ੍ਰੈਂਡਸਕੀ ਹਰਨਾਂਡੇਜ਼ ਨਾਲ ਹੋਈ ਮੁਲਾਕਾਤ ਦੌਰਾਨ ਦੋਵੇਂ ਧਿਰਾਂ ਇੱਕ ਦੂਜੇ ਦੇ ਦੇਸ਼ਾਂ ਵਿੱਚ ਫਿਲਮਾਂ ਵਿਖਾਉਣ ਸਮੇਤ ਸੱਭਿਆਚਾਰਕ ਸਮਾਗਮਾਂ ਕਰਾਉਣ ਵਿੱਚ ਸਹਿਯੋਗ ਕਰਨ 'ਤੇ ਸਹਿਮਤ ਹੋਈਆਂ। MOS (ML) ਨੇ ਚਿਲੀ ਦੇ ਚੈਂਬਰ ਆਫ ਡੈਪੂਟੀਜ਼ ਦੇ ਸਪੀਕਰ ਮਹਾਮਹਿਮ ਸ਼੍ਰੀਮਾਨ ਰਾਉਲ ਸੋਟੋ ਅਤੇ ਭਾਰਤ-ਚਿਲੀ ਸੰਸਦੀ ਮਿੱਤਰਤਾ ਸਮੂਹ ਦੀ ਪ੍ਰਧਾਨ ਮਹਾਮਹਿਮ ਸ਼੍ਰੀਮਤੀ ਸਿਕਾਰਡੀਨੀ ਨਾਲ ਮੁਲਾਕਾਤ ਕੀਤੀ। MOS ਨੇ ਚਿਲੀ ਦੀ ਸੰਸਦ ਦੇ ਸੈਸ਼ਨ ਦੀ ਵੀ ਝਲਕ ਪਾਈ।

9. MOS ਨੇ ਚਿਲੀ ਫੈਡਰੇਸ਼ਨ ਆਫ ਇੰਡਸਟਰੀਜ਼ (SOFOFA) ਨਾਲ ਮੁਲਾਕਾਤ ਕੀਤੀ ਅਤੇ ਵਪਾਰ ਅਤੇ ਨਿਵੇਸ਼ ਵਿੱਚ ਵਧ ਰਹੇ ਦੁਵੱਲੇ ਸਹਿਯੋਗ, ਚਿਲੀ ਦੀਆਂ ਕੰਪਨੀਆਂ ਲਈ ਮੌਕਿਆਂ ਅਤੇ ਭਾਰਤ ਨਾਲ ਵਪਾਰ ਕਰਨ ਦੇ ਫਾਇਦਿਆਂ ਬਾਰੇ ਚਰਚਾ ਹੋਈ। ਉਨ੍ਹਾਂ ਨੇ ਚਿਲੀ ਵਿੱਚ ਭਾਰਤੀ ਭਾਈਚਾਰੇ ਨਾਲ ਵੀ ਗੱਲਬਾਤ ਕੀਤੀ ਅਤੇ ਖਾਦੀ ਅਤੇ ਆਯੁਰਵੇਦ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਅਤੇ ਭਾਰਤ @75 AKAM ਜਸ਼ਨਾਂ ਦੇ ਹਿੱਸੇ ਵਜੋਂ ਰੁੱਖ ਲਗਾਇਆ। ਉਨ੍ਹਾਂ ਨੇ ਚਿਲੀ ਵਿੱਚ IDY 2022 ਲਈ ਉਦਘਾਟਨੀ ਸਮਾਗਮ ਵਿੱਚ ਵੀ ਹਿੱਸਾ ਲਿਆ।

10. ਪਨਾਮਾ, ਹੌਂਡੂਰਾਸ ਅਤੇ ਚਿਲੀ ਦੀ ਯਾਤਰਾ ਸਦਕਾ ਮੱਧ ਅਤੇ ਦੱਖਣੀ ਅਮਰੀਕਾ ਦੇ ਇਨ੍ਹਾਂ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ ਨੂੰ ਨਵੀਂ ਰਫਤਾਰ ਮਿਲੀ।

ਨਵੀਂ ਦਿੱਲੀ

8 ਮਈ, 2022

DISCLAIMER: This is an approximate translation. The original is available in English on MEA's website and may be referred to as the official press release.